ਆਪੇ ਦੇਹ ਵਡਿਆਈਆਂ
ਆਪੇ ਹੀ ਕਰਮ ਕਰਾਇਦਾਂ

ਆਪੇ ਦੇਹ ਵਡਿਆਈਆਂ – ਆਪੇ ਹੀ ਕਰਮ ਕਰਾਇਦਾਂ

ਇਹ ਸਤਿਗੁਰੂ ਦੀ ਆਪਣੀ ਮਰਜ਼ੀ ਹੈ ਕਿ ਉਸਨੇ ਕਿਸ ਨੂੰ ਮਾਣ ਵਡਿਆਈਆਂ ਬਖਸ਼ਣੀਆਂ ਹਨ ਅਤੇ ਕਿਹੜੀ ਸੇਵਾ ਲੈਣੀ ਹੈ। ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ ਪਰ ਸਤਿਗੁਰੂ ਦਾ ਦਰਬਾਰ ਸਦੀਬ ਹੈ, ਜਿਥੇ ਨਤਮਸਤਕ ਹੋਣ ਲਈ ਬਿਨ੍ਹਾਂ ਕਿਸੇ ਵਰਨ ਭੇਦ ਦੇ ਹਰ ਕੋਈ ਆ ਸਕਦਾ ਹੈ।

ਜਿਵੇਂ ਸ੍ਰ: ਬੇਅੰਤ ਸਿੰਘ ਹੁਰਾਂ ਆਪਣੇ ਕਾਰਜ਼-ਕਾਲ ਦੌਰਾਨ ਨਾਮਧਾਰੀ ਸ਼ਹੀਦਾਂ ਲਈ ਅਨੇਕਾਂ ਕੰਮ ਕਰਕੇ ਨਾਮਣਾ ਖੱਟਿਆ ਹੈ। ਉਵੇ ਹੀ ਸ੍ਰ: ਪ੍ਰਕਾਸ਼ ਸਿੰਘ ਬਾਦਲ ਨੇ ਵੀ ਬੜਾ ਕੁਝ ਕਰ ਵਿਖਾਇਆ ਹੈ। ਉਨ੍ਹਾਂ ਤੇ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਅਤੇ ਕ੍ਰਿਪਾ ਹੈ।

ਬੜੇ ਪੁਰਾਣੇ ਸਮੇਂ ਤੋਂ ਸ੍ਰੀ ਭੈਣੀ ਸਾਹਿਬ ਦਾ ਨਾਮ ਸਰਕਾਰੀ ਰਿਕਾਰਡ ਵਿਚ ਭੈਣੀ-ਆਲਾ ਚੱਲਿਆ ਆ ਰਿਹਾ ਸੀ। ਇਸ ਨੂੰ ਸ੍ਰੀ ਭੈਣੀ ਸਾਹਿਬ ਕੀਤਾ ਗਿਆ। ਇਸ ਦੇ ਨਾਲ ਹੀ ਭੈਣੀ ਸਾਹਿਬ ਅਤੇ ਰਾਈਆ ਨੂੰ ਪਵਿੱਤਰ ਅਸਥਾਨ ਘੋਸ਼ਿਤ ਕੀਤਾ ਗਿਆ। ਇਨ੍ਹਾਂ ਦੋਹਾਂ ਪਿੰਡਾਂ ਦੀ ਜੂਹ ਵਿੱਚ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 30 (XVI)C ਅਨੁਸਾਰ ਸ਼ਰਾਬ, ਮਾਸ, ਸਿਗਰਟ ਅਤੇ ਨਸ਼ਿਆਂ ਦੀ ਵਰਤੋਂ ਤੇ ਪਾਬੰਦੀ ਲਾਈ ਗਈ ਹੈ।

ਸ੍ਰੀ ਭੈਣੀ ਸਾਹਿਬ, ਰਾਈਆਂ ਡਿਵੈਲਪਮੈਂਟ ਬੋਰਡ ਦੀ ਪੁਨਰ ਸੁਰਜੀਤੀ ਹੋਈ ਹੈ। ਸ੍ਰੀ ਭੈਣੀ ਸਾਹਿਬ ਇੰਨਡੋਰ-ਸਟੇਡੀਅਮ ਤੇ 25 ਲੱਖ ਸੀਵਰੇਜ ਦੇ ਕੰਮਾਂ ਲਈ 32 ਲੱਖ, ਬਾਇਓ-ਗੈਸ ਪਲਾਂਟ ਲਈ 10 ਲੱਖ ਅਤੇ ਸਟੇਡੀਅਮ ਵਿਚ ਟਿਊਬ-ਵੈਲ (ਵਾਟਰ-ਵਰਕਸ) ਲਈ 5.50 ਲੱਖ ਰੁਪਏ ਖਰਚ ਕੀਤੇ ਗਏ ਹਨ। ਸ੍ਰੀ ਭੈਣੀ ਸਾਹਿਬ ਦੀ ਛੱਪੜ ਦੀ ਸਫਾਈ ਵਾਸਤੇ ਪੰਜਾਬ ਸਰਕਾਰ ਵਲੋਂ 2 ਲੱਖ ਰੁਪਏ ਦਿਤੇ ਗਏ।

ਪੰਜਾਬ ਸਰਕਾਰ ਦੇ ਟੂਰਿਜ਼ਮ ਵਿਭਾਗ ਵਲੋਂ ਸ੍ਰੀ ਭੈਣੀ ਸਾਹਿਬ , ਰਾਈਆਂ , ਮਲੇਰਕੋਟਲਾ ਲੁਧਿਆਣਾ , ਅੰਮ੍ਰਿਤਸਰ ਅਤੇ ਰਾਏਕੋਟ ਦੇ ਨਾਮਧਾਰੀ ਸ਼ਹੀਦੀ ਸਮਾਰਕਾਂ ਨੂੰ ਟੂਰਿਜ਼ਮ ਕਲੰਡਰ ਵਿਚ ਸ਼ਾਮਲ ਕੀਤਾ ਗਿਆ ਹੈ। 60 ਲੱਖ ਰੁਪਏ ਖਰਚ ਕੇ ਸ੍ਰੀ ਭੈਣੀ ਸਾਹਿਬ ਤੋਂ ਲਾਟੋਂ ਦਾਨਾ ਸ੍ਰੀ ਭੈਣੀ ਸਾਹਿਬ ਤੋਂ ਕੋਟ ਗੰਗੂ ਰਾਇ, ਸ੍ਰੀ ਭੈਣੀ ਸਾਹਿਬ ਤੋਂ ਉਪਲਾਂ ਤੱਕ ਪੱਕੀਆਂ ਸੜਕਾਂ ਬਣਾਈਆਂ ਗਈਆਂ ਹਨ।

ਸਿਹਤ ਸਬੰਧੀ ਸਹੂਲਤਾ ਮੁਹਈਆ ਕਰਦਿਆਂ ਸ੍ਰੀ ਭੈਣੀ ਸਾਹਿਬ ਅਤੇ ਰਾਈਆਂ ਵਿਖੇ ਅਯੁਰਵੈਦਿਕ ਡਿਸਪੈਂਸਰੀਆਂ ਖੋਹਲੀਆਂ ਗਈਆਂ। ਇਸਦੇ ਨਾਲ ਹੀ ਰਾਈਆਂ ਵਿਖੇ ਪਸ਼ੂ-ਡਿਸਪੈਂਸਰੀ ਵੀ ਖੋਲ੍ਹ ਦਿੱਤੀ ਗਈ.। ਸ੍ਰੀ ਭੈਣੀ ਸਾਹਿਬ ਦੇ ਸੀਵਰੇਜ਼ ਲਈ 60.78 ਲੱਖ ਰੁਪਏ ਮੰਨਜ਼ੂਰ ਕੀਤੇ ਗਏ। ਇਸਦਾ ਨੀਂਹ ਪੱਥਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 17.04.2001 ਨੂੰ ਆਪਣੇ ਕਰ ਕਮਲਾਂ ਨਾਲ ਰੱਖਿਆ। ਇਸ ਪ੍ਰੋਜੈਕਟ ਤੇ ਕੰਮ ਸ਼ੁਰੂ ਹੋ ਚੁਕਿਆ ਹੈ। ਸ੍ਰ. ਮਹਿੰਦਰ ਸਿੰਘ ਕਲਿਆਣ ਐਮ.ਪੀ. ਨੇ ਵੀ ਆਪਣੇ ਐਮ.ਪੀ. ਕੋਟੇ ਵਿਚੋਂ 8 ਲੱਖ ਰੁਪਏ ਸ੍ਰੀ ਭੈਣੀ ਸਾਹਿਬ ਦੇ ਸੀਵਰੇਜ਼ ਵਾਸਤੇ ਦਿਤੇ।

ਪਿੰਡ ਰਾਈਆਂ ਦੇ ਮਿਡਲ ਸਕੂਲ ਨੂੰ ਅਪਗਰੇਡ ਕਰਕੇ ਹਾਈ ਸਕੂਲ ਕੀਤਾ ਗਿਆ ਅਤੇ ਅਧੂਰੀ ਬਿਲਡਿੰਗ , ਗੇਟ ਅਤੇ ਚਾਰ ਦੀਵਾਰੀ ਲਈ 2 ਲੱਖ ਰੁਪਏ ਦੀ ਗ੍ਰਾਂਟ ਦਿਤੀ ਗਈ ਹੈ।

ਸ੍ਰੀ ਭੈਣੀ ਸਾਹਿਬ ਦੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਦੀ ਬਿਲਡਿੰਗ ਦੀ ਮੁਰੰਮਤ ਲਈ 1 ਲੱਖ ਰੁਪਏ ਪੰਜਾਬ ਸਰਕਾਰ ਵਲੋਂ ਦਿਤੇ ਗਏ ਇਸਦੇ ਨਾਲ ਹੀ ਸ੍ਰੀ ਭੈਣੀ ਸਾਹਿਬ ਦੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਨੂੰ 3 ਲੱਖ ਰੁਪਏ ਦਿਤੇ ਗਏ। ਸ੍ਰੀ ਭੈਣੀ ਸਾਹਿਬ ਸਪੋਰਟਸ ਅਕੈਡਮੀ ਲਈ ਹਾਕੀ ਅਤੇ ਜਿਮਨਾਸਟਿਕ ਦੇ ਕੋਚ ਵੀ ਪੰਜਾਬ ਸਰਕਾਰ ਵਲੋਂ ਮੁਹੱਈਆ ਕਰਵਾਏ ਗਏ ਹਨ।

ਵਾਤਾਵਰਨ ਦੀ ਸ਼ੁਧਤਾ ਲਈ ਸ੍ਰੀ ਭੈਣੀ ਸਾਹਿਬ ਅਤੇ ਰਾਈਆਂ ਵਿਖੇ 20-20 ਲੈਟਰੀਨਾਂ ਉਸਾਰੀਆਂ ਗਈਆਂ ਹਨ। ਜਨ-ਭਲਾਈ ਲਈ ਹੀ ਸ੍ਰੀ ਭੈਣੀ ਸਾਹਿਬ ਤੋਂ ਚੰਡੀਗੜ੍ਹ ਅਤੇ ਸ੍ਰੀ ਜੀਵਨ ਨਗਰ ਲਈ ਬਸ-ਸੇਵਾਵਾਂ ਸ਼ੁਰੂ ਕੀਤੀਆ ਗਈਆ ਹਨ ਅਤੇ ਦਿਨ ਵਿਚ ਪੰਜ ਟਾਈਮ ਲੁਧਿਆਣੇ ਵਾਸਤੇ ਵੀ ਚੱਲ ਰਹੇ ਹਨ।

ਸ਼ਹੀਦਾਂ ਪ੍ਰਤੀ ਅਕੀਦਤ ਭੇਂਟ ਕਰਦਿਆਂ ਲੁਧਿਆਣੇ 26 ਨਵੰਬਰ 1871 ਨੂੰ ਸ਼ਹੀਦ ਹੋਏ ਸ਼ਹੀਦਾਂ ਦੀ ਯਾਦਗਰ ਉਸਾਰਨ ਵਾਸਤੇ 3802 ਵਰਗ-ਗਜ਼ ਜਗ੍ਹਾ 1 ਰੁ: ਵਿਚ ਨਾਮਧਾਰੀ ਸ਼ਹੀਦ ਯਾਦਗਾਰੀ ਟਰੱਸਟ ਨੂੰ ਦਿੱਤੀ। ਇਵੇਂ ਹੀ ਰਾਏਕੋਟ ਵੀ 3.5 ਏਕੜ ਜਗ੍ਹਾ ਅਤੇ ਅੰਮ੍ਰਿਤਸਰ ਦੇ ਸ਼ਹੀਦਾਂ ਦਾ ਸਥਾਨ ਵੀ ਪੰਜਾਬ ਸਰਕਾਰ ਦੇ ਉੱਦਮ ਨਾਲ ਹੀ ਕੂਕਾ ਸ਼ਹੀਦ ਯਾਦਗਾਰੀ ਟ੍ਰਸਟ ਨੂੰ ਦਿਤਾ ਗਿਆ।

ਮਲੇਰਕੋਟਲੇ ਸ਼ਹੀਦੀ - ਯਾਦਗਰ ਨੂੰ ਪਹੁੰਚ ਸੜਕ ਤੇ ਸੋਡੀਅਮ ਲਾਈਟਾਂ ਲਗਵਾਣ ਲਈ 20 ਲੱਖ ਰੁਪਏ ਦਿੱਤੇ, ਇਸਦੇ ਨਾਲ ਹੀ ਸਮਾਰਕ ਵਾਸਤੇ ਪਾਣੀ ਅਤੇ ਸੀਵਰੇਜ਼ ਦੇ ਕਨੈਕਸ਼ਨ ਵੀ ਬਿਨ੍ਹਾਂ ਕਿਸੇ ਸਰਕਾਰੀ ਫੀਸ ਵਸੂਲ ਕੀਤਿਆ ਮੁਹਈਆ ਕਰਵਾਏ ਗਏ।

ਸ਼ਹੀਦੀ ਸਮਾਰਕ ਮਲੇਰਕੋਟਲੇ ਦੀ ਲਾਇਬ੍ਰੇਰੀ ਲਈ ਪੰਜਾਬ ਸਰਕਾਰ, ਕੇਂਦਰ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੁਸਤਕਾਂ ਦਵਾਈਆਂ ਗਈਆਂ।

ਨਾਮਧਾਰੀ ਸ਼ਹੀਦੀ ਸਮਾਰਕ ਮਲੇਰਕੋਟਲਾ ਲਈ ਕੇਂਦਰੀ ਸਰਕਾਰ ਦੇ ਕਲਚਰਲ ਵਿਭਾਗ ਵਲੋਂ ਸਮਾਰਕ ਦੀ ਮੇਨਟੇਨਿੰਸ ਵਾਸਤੇ 5 ਲੱਖ ਰੁਪਏ ਟ੍ਰਸਟ ਨੂੰ ਦਿਤੇ ਗਏ।

ਕੇਂਦਰੀ ਮੰਤਰੀ ਸ੍ਰ. ਸੁਖਦੇਵ ਸਿੰਘ ਢੀਂਡਸਾ ਨੇ ਵੀ ਆਪਣੇ ਐਮ.ਪੀ. ਕੋਟੇ ਵਿਚੋਂ 5 ਲੱਖ ਰੁਪਏ ਮਲੇਰਕੋਟਲੇ ਦੇ ਸ਼ਹੀਦੀ ਸਮਾਰਕ ਲਈ ਟ੍ਰਸਟ ਨੂੰ ਦਿਤੇ।

ਲੁਧਿਆਣੇ ਦੇ ਸ਼ਹੀਦੀ ਸਮਾਰਕ ਦੇ ਸਾਹਮਣੇ ਵਾਲੀ 60' ਚੌੜੀ ਸੜਕ ਬਣਾਈ ਗਈ ਅਤੇ ਉਸਤੇ ਸੋਡੀਅਮ ਲਾਈਟਾਂ ਲਾਈਆ ਗਈਆਂ।

ਲੁਧਿਆਣੇ ਤੋਂ ਰਾਇਕੋਟ, ਰਾਇਕੋਟ ਤੋਂ ਮਲੇਰਕੋਟਲਾ ਅਤੇ ਮਲੇਰਕੋਟਲਾ ਤੋਂ ਲੁਧਿਆਣਾ ਤੱਕ ਦੀਆਂ ਸੜਕਾਂ ਦਾ ਨਾਮ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਕੂਕਾ ਸ਼ਹੀਦੀ ਮਾਰਗ ਰੱਖਿਆ ਗਿਆ।

17-18 ਜਨਵਰੀ 1872 ਨੂੰ ਮਲੇਰਕੋਟਲੇ ਵਿਖੇ ਦੇਸ਼ ਦੀ ਅਜ਼ਾਦੀ ਲਈ ਸ਼ਹੀਦ ਹੋਣ ਵਾਲੇ ਨਾਮਧਾਰੀ ਸਿੰਘਾਂ ਦੀ ਯਾਦ ਸਰਕਾਰੀ ਪੱਧਰ ਤੇ ਮਨਾਉਣ ਦਾ ਉਦੱਮ ਪੰਜਾਬ ਸਰਕਾਰ ਨੇ ਕੀਤਾ ਹੀ ਹੈ ਇਸ ਦੇ ਨਾਲ ਜੀ ਜਿਲ੍ਹਾ ਸੰਗਰੂਰ ਵਿਚ ਇਸ ਦਿਨ ਸਰਕਾਰੀ ਛੁੱਟੀ ਵੀ ਕੀਤੀ ਜਾਂਦੀ ਹੈ।

ਉਹ ਤੋਪਾਂ ਜਿਨ੍ਹਾਂ ਨਾਲ ਨਾਮਧਾਰੀ ਸਿੰਘਾਂ ਨੂੰ ਉਡਾਇਆ ਗਿਆ ਸੀ ਪੰਜਾਬ ਸਰਕਾਰ ਵਲੋਂ ਉਨ੍ਹਾਂ ਵਿਚੋ ਤਿੰਨ ਤੋਪਾਂ ਨਾਮਧਾਰੀ ਸ਼ਹੀਦੀ ਸਮਾਰਕ ਮਲੇਰਕੋਟਲਾ ਤੇ ਤਾਮੀਰ ਕਰਨ ਲਈ ਟ੍ਰਸਟ ਨੂੰ ਦਿਲਵਾਈਆਂ ਗਈਆਂ ।

ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਦਿਵਸ ਸਰਕਾਰੀ ਪੱਧਰ ਤੇ ਮਨਾਉਣ ਦਾ ਫੈਸਲਾ ਕੀਤਾ ਗਿਆ ਅਤੇ ਇਸ ਦਿਨ ਪੰਜਾਬ ਭਰ ਵਿਚ ਸਰਕਾਰੀ ਛੁੱਟੀ ਦਾ ਐਲਾਨ ਵੀ ਕੀਤਾ ਗਿਆ ।

ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਪੰਜਾਬ ਵਿਧਾਨ ਸਭਾ ਵਿਚ ਤਾਂ ਲਾਉਣ ਦਾ ਫੈਸਲਾ ਪੰਜਾਬ ਸਰਕਾਰ ਨੇ ਕੀਤਾ ਹੀ ਹੈ ਇਸ ਦੇ ਨਾਲ ਹੀ ਪੰਜਾਬ ਦੇ ਸਾਰੇ ਅਜਾਇਬ ਘਰਾਂ ਵਿਚ ਵੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਤਸਵੀਰਾਂ ਲਗਾਈਆਂ ਗਈਆਂ । ਲੋਕ ਸੰਪਰਕ ਵਿਭਾਗ ਵਲੋਂ ਇਕ ਪੈਂਫਲਿਟ ਕੂਕਾ ਲਹਿਰ ਬਾਰੇ ਛਾਪਿਆ ਗਿਆ । ਭਾਸ਼ਾ ਵਿਭਾਗ ਵਲੋਂ ਇਕ ਪੁਸੱਤਕ ਪ੍ਰਸਿਧ ਵਿਦਵਾਨ ਪ੍ਰੋ: ਕ੍ਰਿਪਾਲ ਸਿੰਘ ਕਸੇਲ ਤੋਂ ਲਿਖਵਾਈ ਜਾ ਰਹੀ ਹੈ । ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵੀ ਇਕ ਪੁਸਤਕ ਸ੍ਰ: ਜਸਵਿੰਦਰ ਸਿੰਘ ਹਿਸਟੋਰੀਅਨ ਤੋਂ ਲਿਖਵਾ ਰਿਹਾ ਹੈ ।

ਪ੍ਰਾਇਮਰੀ ਤੋਂ +2 ਤੱਕ ਦੀਆਂ ਜਮਾਤਾਂ ਵਿਚ ਲੱਗੀਆਂ ਪਾਠ ਪੁਸੱਤਕਾਂ ਵਿਚ ਟੈਕਸਟ ਬੁੱਕ ਬੋਰਡ ਵਲੋਂ ਕੂਕਾ ਲਹਿਰ ਸਬੰਧੀ ਪਾਠ ਸ਼ਾਮਲ ਕੀਤੇ ਗਏ ਹਨ । ਅਜਿਹੇ ਪਾਠ ਯੂਨੀਵਰਸਿਟੀ ਵਲੋਂ ਯੂਨੀਵਰਸਿਟੀ ਸਿਲੇਬਸ ਵਿਚ ਵੀ ਸ਼ਾਮਲ ਕੀਤੇ ਜਾ ਰਹੇ ਹਨ ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਸਤਿਗੁਰੂ ਰਾਮ ਸਿੰਘ ਚੇਅਰ ਸਥਾਪਤ ਕਰਨਾ ਵੀ ਪੰਜਾਬ ਸਰਕਾਰ ਦਾ ਇਕ ਮਹੱਤਵ ਪੂਰਨ ਫੈਸਲਾ ਹੈ । ਇਸ ਚੇਅਰ ਨੂੰ ਦੋ ਸਾਲਾਂ ਲਈ 10 ਲੱਖ ਦੇ ਫੰਡ ਮੁਹਈਆ ਕੀਤੇ ਗਏ । 2001 ਤੋਂ ਹੋਰ ਪੰਜ ਸਾਲ ਲਈ ਇਸ ਦੀ ਮਿਆਦ ਵਧਾਈ ਜਾਣ ਦਾ ਫੈਸਲਾ ਵੀ ਪੰਜਾਬ ਸਰਕਾਰ ਦਾ ਇਕ ਸਲਾਹੁਣ ਯੋਗ ਫੈਸਲਾ ਹੈ । ਇਸ ਚੇਅਰ ਵਲੋਂ ਵੈਬ-ਸਾਈਟ ਵਾਸਤੇ 2.50 ਲੱਖ ਰੁਪਏ ਦੀ ਮੰਗ ਮੰਗੀ ਗਈ ਜੋ ਬਤੌਰ ਸ਼ਪੈਸ਼ਲ-ਗ੍ਰਾਂਟ ਦਿੱਤੇ ਗਏ ।

ਇਸ ਚੇਅਰ ਚਲੋਂ 8-9 ਮਈ 2001 ਨੂੰ ਅੰਤਰ-ਰਾਸਟਰੀ ਪੱਧਰ ਦਾ ਇਕ ਸੈਮੀਨਾਰ ਸ੍ਰੀ ਭੈਣੀ ਸਾਹਿਬ ਵਿਖੇ ਕੀਤਾ ਗਿਆ ਜਿਸ ਵਿਚ 250 ਵਿਦਵਾਨ ਬੁੱਧੀ-ਜੀਵੀ ਸ਼ਾਮਲ ਹੋਏ ।

ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਅਤੇ ਕੂਕਾ-ਲਹਿਰ ਸਬੰਧੀ ਡਾਕੂਮੈਂਟਰੀ ਫਿਲਮ ਬਨਾਣ ਲਈ 3 ਲੱਖ ਦੇ ਫੰਡਜ਼ ਮਨਜੂਰ ਕੀਤੇ ਗਏ , ਜੋ ਮਿਲ ਗਏ ਹਨ ਅਤੇ ਫਿਲਮ ਤਿਆਰ ਹੋ ਰਹੀ ਹੈ । ਜਲੰਧਰ ਦੂਰਦਰਸ਼ਨ ਵਲੋਂ ਇਸੇ ਸਬੰਧ ਵਿਚ ਡਾਕੂਮੈਂਟਰੀ ਫਿਲਮ ਬਨਾਉਣ ਲਈ ਕੇਂਦਰ ਸਰਕਾਰ ਤੋਂ ਮਨਜੂਰੀ ਲੈ ਕੇ ਦੇਣ ਵਿਚ ਪੰਜਾਬ ਸਰਕਾਰ ਦਾ ਹੀ ਪ੍ਰਮੁੱਖ ਯੋਗਦਾਨ ਹੈ । ਦੂਰਦਰਸ਼ਨ ਵਲੋਂ ਇਹ ਫਿਲਮ ਤਿਆਰ ਕੀਤੀ ਜਾ ਰਹੀ ਹੈ ।

ਜਦੋਂ ਇਕ ਵਿਸ਼ੇਸ਼ ਡੈਲੀਗੇਸ਼ਨ ਖੋਜ ਸਬੰਧੀ ਮਾਈਨਾਮਾਰ ਗਿਆ ਤਾਂ ਉਸ ਲਈ ਸ਼ਪੈਸ਼ਲ ਵੀਜੇ ਮੁਹਈਆ ਕਰਵਾਉਣ ਲਈ ਬਾਦਲ ਸਾਹਿਬ ਨੇ ਹੀ ਕੇਂਦਰੀ ਸਰਕਾਰ ਨੂੰ ਸ਼ਿਫਾਰਸ਼ ਕੀਤੀ ।

ਉਪਰੋਕਤ ਕੰਮਾਂ ਤੋਂ ਇਲਾਵਾ ਮੋਹਾਲੀ ਵਿਚ ਨਾਮਧਾਰੀ ਧਰਮਸ਼ਾਲਾ ਲਈ 1000 ਵਰਗ ਗਜ਼ ਦਾ ਪਲਾਟ ਪੁੱਡਾ ਵਲੋਂ 6 ਰੁਪਏ ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ ਅਲਾਟ ਕੀਤਾ ਗਿਆ ।

ਪਿੰਡ ਮਨਸੂਰਾਂ , ਜ਼ਿਲਾ ਫਿਰੋਜ਼ਪੁਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਅਪਗਰੇਡ ਕੀਤਾ ਗਿਆ

ਪਿੰਡ ਵਜੀਦਪੁਰ , ਜ਼ਿਲਾ ਨਵਾਂ ਸ਼ਹਿਰ ਦੇ ਸਕੂਲ ਨੂੰ ਅਪਗਰੇਡ ਕਰਕੇ ਸੀਨੀਅਰ ਸਕੰਡਰੀ ਸਕੂਲ ਵਿਚ ਤਬਦੀਲ ਕੀਤਾ ਗਿਆ ।

ਪਿੰਡ ਬੀੜ ਭਮਾਰਸੀ , ਜ਼ਿਲਾ ਫਤਿਹਗੜ੍ਹ ਸਾਹਿਬ ਦੇ ਪ੍ਰਾਇਮਰੀ ਸਕੂਲ ਨੂੰ ਅਪਗਰੇਡ ਕਰਕੇ ਮਿਡਲ ਸਕੂਲ ਬਣਾਇਆ ਗਿਆ ।